(i) Printed Pages : 3 Roll No. ..............................

(ii) Questions : 5 **Sub. Code :** | 1 | 1 | 2 | 9 | 5 |

**Exam. Code :** | 5 | 0 | 0 | 4 |

**Bachelor of Arts (FYUP) 4th Semester**

**(2056)**

**PUNJABI**

**Paper : Punjabi Kahani**

**Time Allowed : Three Hours] [Maximum Marks : 90**

**(ਲਾਜ਼ਮੀ ਪ੍ਰਸ਼ਨ)**

1. ਹੇਠ ਲਿਖੇ 12 ਪ੍ਰਸ਼ਨਾਂ ਵਿੱਚੋਂ ਕੋਈ 10 ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:

   (1) ਗਲਪ ਤੋਂ ਤੁਹਾਡਾ ਕੀ ਭਾਵ ਹੈ?

   (2) ਕਹਾਣੀ ਦੀ ਪਰਿਭਾਸ਼ਾ ਆਪਣੇ ਸ਼ਬਦਾਂ ਵਿੱਚ ਲਿਖੋ।

   (3) ਨਿੱਕੀ ਕਹਾਣੀ ਦੇ ਕੋਈ ਦੋ ਮੁੱਖ ਲੱਛਣ ਦੱਸੋ।

   (4) ਪੰਜਾਬੀ ਦੇ ਕਿਸੇ ਦੋ ਮੁੱਢਲੇ ਕਹਾਣੀਕਾਰਾਂ ਦੇ ਨਾਂ ਲਿਖੋ।

   (5) ਆਧੁਨਿਕ ਪੰਜਾਬੀ ਕਹਾਣੀ ਦੇ ਦੋ ਪ੍ਰਮੁੱਖ ਸਰੋਕਾਰ ਕਿਹੜੇ ਹਨ?

   (6) ਪੰਜਾਬੀ ਕਹਾਣੀ ਦੇ ਵਿਕਾਸ ਵਿੱਚ ਮਹੱਤਵਪੂਰਨ (ਮੀਲ ਪੱਥਰ) ਕਹਾਣੀ ਸੰਗ੍ਰਹਿ ਦਾ ਨਾਂ ਦੱਸੋ।

   (7) **ਏਹੁ ਨਿਦੋਸਾ ਮਾਰੀਐ** ਕਹਾਣੀ ਦਾ ਮੁੱਖ ਵਿਸ਼ਾ ਕੀ ਹੈ?

   (8) **ਬਸ਼ੀਰਾ** ਕਹਾਣੀ ਵਿੱਚ ਬਸੀਰੇ ਦੇ ਪੜ੍ਹਾਈ ਛੱਡ ਜਾਣ ਦਾ ਕੀ ਸਿੱਟਾ ਨਿਕਲਿਆ?

(9) **ਕੁਰਸੀ** ਕਹਾਣੀ ਵਿੱਚ ਰਘੁਬੀਰ ਢੰਡ ਨੇ ਕਿਸ ਮਾਨਸਿਕਤਾ 'ਤੇ ਵਿਅੰਗ ਕੀਤਾ ਹੈ?

(10) **ਸ਼ੇਰਨੀਆਂ** ਕਹਾਣੀ ਵਿੱਚ ਕੁਲਵੰਤ ਸਿੰਘ ਵਿਰਕ ਨੇ ਕੀ ਸੰਦੇਸ਼ ਦਿੱਤਾ ਹੈ?

(11) **ਮੋਹ-ਮਿੱਟੀ** ਕਹਾਣੀ ਦੀ ਲੇਖਿਕਾ ਕੌਣ ਹੈ?

(12) **ਗੋਈ** ਕਹਾਣੀ ਦੇ ਮੁੱਖ ਪਾਤਰ ਦੀ ਗੋਈ ਲਈ ਮਾਨਸਿਕ ਦਸ਼ਾ ਬਾਰੇ ਲਿਖੋ। 10×2=20

## ਯੂਨਿਟ-1

2. ਹੇਠ ਲਿਖੇ ਦੋ ਪ੍ਰਸ਼ਨਾਂ ਵਿੱਚੋਂ ਕੋਈ **ਇੱਕ** ਪ੍ਰਸ਼ਨ ਕਰੋ:

(ੳ) ਪੰਜਾਬੀ ਨਿੱਕੀ ਕਹਾਣੀ ਦੇ ਸਰੂਪ ਅਤੇ ਇਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਬਾਰੇ ਇੱਕ ਖੋਜ ਭਰਪੂਰ ਲੇਖ ਲਿਖੋ।

(ਅ) ਕਹਾਣੀ ਅਤੇ ਨਾਵਲ ਦੇ ਆਪਸੀ ਸਬੰਧਾਂ ਅਤੇ ਵਿਧਾਨਿਕ ਅੰਤਰਾਂ ਨੂੰ ਮਿਸਾਲਾਂ ਦੇ ਕੇ ਸਹਿਤ ਸਪੱਸਟ ਕਰੋ। 15×1=15

## ਯੂਨਿਟ-2

3. ਹੇਠ ਲਿਖੇ ਦੋ ਪ੍ਰਸ਼ਨਾਂ ਵਿੱਚੋਂ ਕੋਈ **ਇੱਕ** ਪ੍ਰਸ਼ਨ ਕਰੋ:

(ੳ) ਪੰਜਾਬੀ ਕਹਾਣੀ ਦੇ ਨਿਕਾਸ ਅਤੇ ਵਿਕਾਸ ਦੇ ਵੱਖ-ਵੱਖ ਪੜਾਵਾਂ ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ।

(ਅ) ਪੰਜਾਬੀ ਕਹਾਣੀ ਵਿੱਚ ਆਏ 'ਨਵੇਂ ਰੁਝਾਨਾਂ ਬਾਰੇ ਦੱਸਦਿਆਂ, ਸਮਕਾਲੀ ਪੰਜਾਬੀ ਕਹਾਣੀ ਦੀਆਂ ਚੁਣੌਤੀਆਂ ਅਤੇ ਸੰਭਾਵਨਾਵਾਂ ਬਾਰੇ ਚਰਚਾ ਆਪਣੇ ਸ਼ਬਦਾਂ ਵਿੱਚ ਕਰੋ। 15×1=15

## ਯੂਨਿਟ-3

4. ਹੇਠ ਲਿਖੇ 3 ਪ੍ਰਸ਼ਨਾਂ ਵਿੱਚੋਂ ਕੋਈ 2 ਪ੍ਰਸ਼ਨ ਕਰੋ:

(ੳ) **ਇੱਕੀਵੀਂ ਸਦੀ** ਕਹਾਣੀ ਦੇ ਵਿਸ਼ੇ-ਵਸਤੂ 'ਤੇ ਚਾਨਣਾ ਪਾਉਂਦੇ ਹੋਏ ਇਸਦੀ ਸਮਕਾਲੀ ਸਾਰਥਕਤਾ ਨੂੰ ਸਪੱਸਟ ਕਰੋ।



Scanned with OKEN Scanner

(ਅ) **ਆਲ੍ਹਣੇ ਦੇ ਬੋਟ** ਕਹਾਣੀ ਦੇ ਆਧਾਰ 'ਤੇ ਗੁਰਮੁਖ ਸਿੰਘ ਮੁਸਾਫਿਰ ਦੀ ਕਹਾਣੀ ਕਲਾ ਦਾ ਵਿਸ਼ਲੇਸ਼ਣ ਪੇਸ਼ ਕਰੋ।

(ੲ) **ਦਰਦ ਵਿਛੋੜੇ ਦਾ ਹਾਲ** ਕਹਾਣੀ ਵਿੱਚ ਪੇਸ਼ ਹੋਏ ਵੰਡ ਦੇ ਦੁਖਾਂਤ ਜਾਂ ਮਨੁੱਖੀ ਰਿਸ਼ਤਿਆਂ ਦੀ ਤੜਫ ਬਾਰੇ ਆਪਣੇ ਵਿਚਾਰ ਪੇਸ਼ ਕਰੋ। 10×2=20

## ਯੂਨਿਟ–4

5. ਹੇਠ ਲਿਖੇ 3 ਪ੍ਰਸ਼ਨਾਂ ਵਿੱਚੋਂ ਕੋਈ 2 ਪ੍ਰਸ਼ਨ ਕਰੋ:

(ੳ) **ਮਾਮਲਾ** ਕਹਾਣੀ ਦੇ ਮੁੱਖ ਪਾਤਰ ਦਾ ਚਰਿੱਤਰ-ਚਿਤਰਨ ਪੇਸ਼ ਕਰੋ ਅਤੇ ਦੱਸੋ ਕਿ ਇਹ ਕਹਾਣੀ ਕਿਵੇਂ ਪੇਂਡੂ ਮਾਨਸਿਕਤਾ ਦੀ ਤਰਜਮਾਨੀ ਕਰਦੀ ਹੈ?

(ਅ) ਗੁਰਦਿਆਲ ਸਿੰਘ ਦੀ ਕਹਾਣੀ **ਗਧੀ ਵਾਲਾ** ਵਿੱਚ ਦਲਿਤ ਚੇਤਨਾ ਜਾਂ ਨਿਮਨ ਵਰਗ ਦੇ ਸ਼ੋਸ਼ਣ ਦੇ ਕਿਹੜੇ ਮੁੱਦੇ ਉਭਾਰੇ ਗਏ ਹਨ, ਉਹਨਾਂ ਦਾ ਮੁਲਾਂਕਣ ਪੇਸ਼ ਕਰੋ।

(ੲ) ਕਹਾਣੀਕਾਰ ਸੁਜਾਨ ਸਿੰਘ **ਜਾਂ** ਮੋਹਨ ਭੰਡਾਰੀ ਦੇ ਜੀਵਨ ਅਤੇ ਪੰਜਾਬੀ ਕਹਾਣੀ ਵਿੱਚ ਯੋਗਦਾਨ 'ਤੇ ਚਰਚਾ ਕਰੋ। 10×2=20